# ਦਫਤਰ: ਪ੍ਰਿੰਸੀਪਲ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ,ਪਟਿਆਲਾ

## ਕਾਲਜ ਕੰਟੀਨ ਲੈਣ ਲਈ ਸ਼ਰਤਾਂ

1) ਕਾਲਜ ਵਿੱਚ ਇੱਕ ਕੰਟੀਨ (ਲੜਕੀਆਂ ਅਤੇ ਲੜਕਿਆਂ ਲਈ ਸਾਂਝੀ) ਹੋਵੇਗੀ ਅਤੇ ਕੰਟੀਨ ਦਾ ਠੇਕਾ ਖੁੱਲੀ ਬੋਲੀ ਰਾਹੀਂ ਦਿੱਤਾ ਜਾਵੇਗਾ। (ਇਸ ਕੰਟੀਨ ਤੋਂ ਇਲਾਵਾ ਵਿਦਿਆਰਥੀਆਂ ਅਤੇ ਸਟਾਫ ਲਈ ਰਿਫਰੈਸ਼ਮੈਂਟ ਆਦਿ ਦੀ ਕੋਈ ਹੋਰ ਵਿਵਸਥਾ ਕਰਨ ਦੀ ਕਾਲਜ ਨੂੰ ਪੂਰਾ ਅਧਿਕਾਰ ਹੋਵੇਗਾ)।
2) ਕੰਟੀਨ ਨੂੰ ਠੇਕੇ ਤੇ ਦੇਣ ਲਈ ਖੁੱਲੀ ਬੋਲੀ ਮਿਤੀ: 29/07/2026 ਦਿਨ ਬੁੱਧਵਾਰ ਸਵੇਰੇ 11:00 ਵਜੇ ਕਾਲਜ ਵਿਖੇ ਸ਼ਹੀਦ ਭਗਤ ਸਿੰਘ ਹਾਲ ਵਿੱਚ ਹੋਵੇਗੀ। ਇੱਕ ਪ੍ਰਾਰਥੀ ਵੱਲੋਂ ਕੇਵਲ ਇੱਕ ਹੀ ਦਰਖਾਸਤ ਮਿਤੀ: 28/07/2026 ਦਿਨ ਮੰਗਲਵਾਰ ਤੱਕ ਦਿੱਤੀ ਜਾ ਸਕਦੀ ਹੈ।
3) ਕੰਟੀਨ ਦਾ ਠੇਕਾ ਮਿਤੀ: 01/08/2026 ਤੋਂ 30/06/2027 ਤੱਕ ਲਈ ਹੋਵੇਗਾ। ਕੰਟੀਨ ਦੀ ਬੋਲੀ ਵਿੱਚ ਹਿੱਸਾ ਲੈਣ ਲਈ ਪ੍ਰਾਰਥੀ ਦੁਆਰਾ ਹਰ ਪੱਖੋਂ ਮੁਕੰਮਲ ਦਰਖਾਸਤ ਕਾਲਜ ਵੱਲੋਂ ਨਿਰਧਾਰਿਤ ਪ੍ਰੋਫਾਰਮੇ ਤੇ ਮਿਤੀ: 28/07/2026 ਦਿਨ ਮੰਗਲਵਾਰ ਤੱਕ ਬਾਅਦ ਦੁਪਹਿਰ 03:00 ਵਜੇ ਤੱਕ ਕਾਲਜ ਦਫਤਰ ਵਿੱਚ ਪਹੁੰਚਦੀ ਕਰਨੀ ਲਾਜ਼ਮੀ ਹੋਵੇਗੀ।
4) ਕਾਲਜ ਪ੍ਰਸ਼ਾਸਨ ਕੋਲ ਕਿਸੇ ਵੀ ਦਰਖਾਸਤ ਨੂੰ ਬਿੰਨਾਂ ਕਾਰਨ ਦੱਸੇ ਰੱਦ ਕਰਨ ਦਾ ਅਧਿਕਾਰ ਹੋਵੇਗਾ। ਅਜਿਹਾ ਪ੍ਰਾਰਥੀ ਬੋਲੀ ਵਿੱਚ ਹਿੱਸਾ ਨਹੀਂ ਲੈ ਸਕਦਾ।
5) ਕੰਟੀਨ ਲਈ ਘੱਟ ਤੋਂ ਘੱਟ ਬੋਲੀ (ਰਿਜਰਵ ਕੀਮਤ) 82000/- ਰੁਪਏ ਹੋਵੇਗੀ।
6) ਸਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਕਾਰ ਨੂੰ ਕੰਟੀਨ ਦਾ ਠੇਕਾ ਦਿੱਤਾ ਜਾਵੇਗਾ।
7) ਬੋਲੀ ਵਿੱਚ ਹਿੱਸਾ ਲੈਣ ਦੇ ਯੋਗ ਹਰੇਕ ਪ੍ਰਾਰਥੀ ਨੂੰ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਮੌਕੇ ਤੇ ਕੰਟੀਨ ਕਮੇਟੀ ਕੋਲ 10,000/- ਰੁਪਏ ਸਿਕਿਓਰਿਟੀ ਵਜੋਂ ਜਮ੍ਹਾਂ ਕਰਵਾਉਣੇ ਹੋਣਗੇ ਜੋ ਠੇਕਾ ਨਾ ਮਿਲਣ ਵਾਲੇ ਪ੍ਰਾਰਥੀ ਨੂੰ ਬੋਲੀ ਖਤਮ ਹੋਣ ਤੋਂ ਬਾਅਦ ਵਾਪਿਸ ਕਰ ਦਿੱਤੀ ਜਾਵੇਗੀ। ਪਰ ਠੇਕਾ ਮਿਲਣ ਵਾਲੇ ਠੇਕੇਦਾਰ ਨੂੰ ਸਿਕਿਓਰਿਟੀ ਦੀ ਰਕਮ ਵਾਪਿਸ ਨਹੀਂ ਕੀਤੀ ਜਾਵੇਗੀ। ਇਹ ਰਕਮ ਪ੍ਰਿੰਸੀਪਲ, ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਦੇ ਖਾਤੇ ਵਿੱਚ ਰਹੇਗੀ। ਸੰਬੰਧਤ ਕੰਟੀਨ ਠੇਕੇਦਾਰ ਵੱਲੋਂ ਮਿਤੀ: 30/06/2027 ਨੂੰ ਕਾਲਜ ਕੰਟੀਨ ਦਾ ਚਾਰਜ ਛੱਡਣ ਸਮੇਂ ਉਸ ਵੱਲ ਕਿਸੇ ਕਿਸਮ ਦਾ ਬਕਾਇਆ ਨਾ ਹੋਣ ਦੀ ਸੂਰਤ ਵਿੱਚ ਸਿਕਿਓਰਿਟੀ ਦੀ ਰਕਮ ਵਾਪਿਸ ਕਰ ਦਿੱਤੀ ਜਾਵੇਗੀ ਪਰ ਕੰਟੀਨ ਦੇ ਠੇਕੇ ਦੀ ਮਿਆਦ ਦੌਰਾਨ ਸੰਬੰਧਤ ਕੰਟੀਨ ਠੇਕੇਦਾਰ ਦੁਆਰਾ ਬਿਜਲੀ ਦਾ ਬਿੱਲ ਜਾਂ ਕਿਸੇ ਕਿਸਮ ਦੀ ਹੋਰ ਅਦਾਇਗੀ ਨਾ ਅਦਾ ਕਰਨ ਦੀ ਸੂਰਤ ਵਿੱਚ ਪ੍ਰਿੰਸੀਪਲ ਨੂੰ ਇਸ ਰਕਮ ਵਿੱਚੋਂ ਬਣਦੀ ਅਦਾਇਗੀ ਰਿਕਵਰ ਕਰਨ ਦਾ ਅਧਿਕਾਰ ਹੋਵੇਗਾ।
8) ਠੇਕਾ ਮਿਲਣ ਦੀ ਸੂਰਤ ਵਿੱਚ ਠੇਕੇ ਦੀ ਕੁੱਲ ਰਕਮ ਦੇ 25% ਅਦਾਇਗੀ ਬੋਲੀ ਖਤਮ ਹੋਣ ਤੋਂ ਤੁਰੰਤ ਬਾਅਦ ਜਮ੍ਹਾਂ ਕਰਾਉਂਣੇ ਹੋਣਗੇ। ਬਾਕੀ ਰਹਿੰਦੀ 75% ਰਕਮ ਦੇ ਤਿੰਨ ਚੈਕ ਅਗਲੇ ਤਿੰਨ ਮਹੀਨਿਆਂ

ਵਿੱਚ ਪਹਿਲਾਂ ਹੀ ਦੇਣੇ ਹੋਣਗੇ (ਉਦਾਹਰਨ ਦੇ ਤੌਰ ਤੇ ਚੈਕ ਨੰਬਰ (1) 12/08/2026 (25%), ਚੈਕ ਨੰਬਰ (2) 12/09/2026(25%) ਅਤੇ ਚੈਕ ਨੰਬਰ (3) 12/10/2026 (25%) । ਇਹ ਰਕਮ ਜਮ੍ਹਾਂ ਕਰਵਾਉਣ ਵਿੱਚ ਦੇਰੀ ਹੋਣ ਦੀ ਸੂਰਤ ਵਿੱਚ 12% ਵਿਆਜ ਚਾਰਜ ਕੀਤਾ ਜਾਵੇਗਾ ਅਤੇ ਠੇਕਾ ਰੱਦ ਵੀ ਕੀਤਾ ਜਾ ਸਕਦਾ ਹੈ। ਇਸ ਵਾਸਤੇ ਪ੍ਰਿੰਸੀਪਲ ਸਾਹਿਬ ਜੀ ਦੀ ਪ੍ਰਵਾਨਗੀ ਲੈਣੀ ਜਰੂਰੀ ਹੋਵੇਗੀ।

9) ਠੇਕਾ ਮਿਲਣ ਉਪਰੰਤ ਠੇਕੇਦਾਰ ਵੱਲੋਂ ਨਿਸ਼ਚਿਤ ਰਾਸ਼ੀ ਦੇ ਅਸ਼ਟਾਮ ਪੇਪਰਾਂ ਤੇ ਕਾਰਜਕਾਰੀ ਮੈਜਿਸਟ੍ਰੇਟ ਵੱਲੋਂ ਤਸਦੀਕਸ਼ੁਦਾ ਕੰਟੀਨ ਸਬੰਧੀ ਇਕਰਾਰਨਾਮੇ ਵੱਜੋਂ ਹਲਫਨਾਮਾ ਕਾਲਜ ਦਫਤਰ ਵਿੱਚ 7 ਦਿਨਾਂ ਦੇ ਅੰਦਰ-2 ਜਮ੍ਹਾਂ ਕਰਵਾਉਣਾਂ ਹੋਵੇਗਾ। (ਇਕਰਾਰਨਾਮੇ ਦੀ ਨਮੂਨਾ ਸ਼ਬਦਾਵਲੀ ਦਫਤਰ ਵਿੱਚੋਂ ਪ੍ਰਾਪਤ ਕੀਤੀ ਜਾਵੇ)

10) ਠੇਕੇ ਦੀ ਨਿਰਧਾਰਿਤ ਰਕਮ ਜਮ੍ਹਾਂ ਕਰਾਉਣ ਅਤੇ ਤਸਦੀਕਸ਼ੁਦਾ ਉਪਰੋਕਤ ਹਲਫਨਾਮਾ ਕਾਲਜ ਵਿੱਚ ਜਮ੍ਹਾਂ ਕਰਾਉਣ ਉਪਰੰਤ ਹੀ ਠੇਕੇਦਾਰਾਂ ਨੂੰ ਕੰਟੀਨ ਦਾ ਚਾਰਜ ਦਿੱਤਾ ਜਾਵੇਗਾ ਅਤੇ ਠੇਕੇਦਾਰ ਕੰਟੀਨ ਦਾ ਕੰਮ ਸ਼ੁਰੂ ਕਰ ਸਕਣਗੇ।

11) ਠੇਕੇ ਦੀ ਜਮ੍ਹਾਂ ਕਰਵਾਈ ਗਈ ਰਕਮ ਕਿਸੇ ਵੀ ਸੂਰਤ ਵਿੱਚ ਵਾਪਿਸ ਨਹੀਂ ਕੀਤੀ ਜਾਵੇਗੀ।

12) ਕੰਟੀਨ ਕਾਲਜ ਖੁੱਲਣ ਤੋਂ ਕਾਲਜ ਬੰਦ ਹੋਣ ਤੱਕ ਖੁੱਲੀ ਰੱਖਣੀ ਜਰੂਰੀ ਹੋਵੇਗੀ।

13) ਕੰਟੀਨ ਵਿੱਚ ਵਿਕਰੀ ਲਈ ਖਾਣ-ਪੀਣ ਵਾਲੀਆਂ ਵਸਤਾਂ ਅਤੇ ਵਸਤਾਂ ਦੀ ਰੇਟ ਲਿਸਟ ਕਾਲਜ ਵੱਲੋਂ ਨਿਰਧਾਰਿਤ ਕੀਤੀ ਜਾਵੇਗੀ। ਜ਼ਰੂਰਤ ਅਨੁਸਾਰ ਰੇਟ ਲਿਸਟ ਵਿੱਚ ਸਮੇਂ-2 ਤੇ ਪਰਿਵਰਤਨ ਦਾ ਅਧਿਕਾਰ ਕੇਵਲ ਕਾਲਜ ਨੂੰ ਹੀ ਹੋਵੇਗਾ।

14) ਕੰਟੀਨ ਦੇ ਮੁੱਖ ਕਾਉਂਟਰ ਤੇ ਸਾਫ ਅਤੇ ਸਪਸ਼ਟ ਸ਼ਬਦਾਂ ਵਿੱਚ ਵਸਤਾਂ ਦੀ ਰੇਟ ਲਿਸਟ ਸਬੰਧਤ ਠੇਕੇਦਾਰ ਵੱਲੋਂ ਬਕਾਇਦਾ ਤੌਰ ਤੇ ਲਗਾਈ ਜਾਵੇਗੀ।

15) ਕੰਟੀਨ ਸਬੰਧੀ ਫਰਨੀਚਰ ਜਾਂ ਹੋਰ ਕੋਈ ਵੀ ਦਿੱਤਾ ਗਿਆ ਸਮਾਨ (ਲਿਸਟ ਅਨੁਸਾਰ) ਦੀ ਸੁਰੱਖਿਆ ਠੇਕੇਦਾਰ ਦੀ ਜਿੰਮ੍ਹੇਵਾਰੀ ਹੋਵੇਗੀ ਅਤੇ ਇਹ ਸਮਾਨ ਠੇਕਾ ਖਤਮ ਹੋਣ ਤੇ ਉਸੇ ਹਾਲਤ ਵਿੱਚ ਜਮ੍ਹਾਂ ਕਰਵਾਉਣ ਦੀ ਜ਼ਿਮ੍ਹੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਹੋਰ ਸਮਾਨ ਸਬੰਧਤ ਠੇਕੇਦਾਰ ਵੱਲੋਂ ਲਗਾਇਆ ਜਾਵੇਗਾ।

16) ਬਿਜਲੀ ਦੇ ਬਿੱਲ (ਸਬ-ਮੀਟਰ ਅਨੁਸਾਰ) ਦੀ ਸਮੇਂ ਸਿਰ ਅਦਾਇਗੀ ਦੀ ਜ਼ਿੰਮ੍ਹੇਵਾਰੀ ਸਬੰਧਤ ਠੇਕੇਦਾਰ ਦੀ ਹੋਵੇਗੀ।

17) ਕੰਟੀਨ ਦੇ ਅੰਦਰ ਅਤੇ ਬਾਹਰ ਸਾਫ-ਸਫਾਈ ਦੀ ਜ਼ਿੰਮ੍ਹੇਵਾਰੀ ਸਬੰਧਤ ਠੇਕੇਦਾਰ ਦੀ ਹੋਵੇਗੀ।

18) ਕੰਟੀਨ ਵਿੱਚ ਵਰਤੀ ਜਾਣ ਵਾਲੀ ਸਮੱਗਰੀ ਵਧੀਆਂ ਕੁਆਲਿਟੀ ਦੀ ਹੋਣੀ ਚਾਹੀਦੀ ਹੈ। ਜਿਸ ਦੀ ਸਮੇਂ ਸਮੇਂ ਤੇ ਕੰਟੀਨ ਕਮੇਟੀ ਵੱਲੋਂ ਚੈਕਿੰਗ ਕੀਤੀ ਜਾਵੇਗੀ।

19) ਕੰਟੀਨ ਵਿੱਚ ਕਿਸੇ ਕਿਸਮ ਦੇ ਨਸ਼ੀਲੇ ਪਦਾਰਥ ਅਤੇ ਤੰਬਾਕੂ ਆਦਿ ਦੀ ਕਿਸੇ ਵੀ ਸੂਰਤ ਵਿੱਚ ਵਰਤੋਂ ਦੀ ਸਖਤ ਮਨਾਹੀ ਹੋਵੇਗੀ। ਇਸ ਦੀ ਉਲੰਘਣਾ ਕਰਨ ਵਾਲੇ ਠੇਕੇਦਾਰ ਦਾ ਕੰਟੀਨ ਦਾ ਠੇਕਾ ਰੱਦ ਕਰ ਦਿੱਤਾ ਜਾਵੇਗਾ।

20) ਕੰਟੀਨ ਵਿੱਚ ਕੰਮ ਕਰਨ ਵਾਲੇ ਵਿਅਕਤੀ ਲੇਬਰ ਵਿਭਾਗ ਦੀਆਂ ਹਦਾਇਤਾਂ ਪੂਰੀਆਂ ਕਰਦੇ ਹੋਣ ਅਤੇ ਇਹ ਜ਼ਿੰਮੇਵਾਰੀ ਸਬੰਧਤ ਠੇਕੇਦਾਰ ਦੀ ਹੇਵੇਗੀ। ਕੰਟੀਨਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਸੂਚੀ (ਨਾਂ, ਪਤਾ, ਫੋਨ ਨੰਬਰ, ਪਹਿਚਾਣ ਪੱਤਰ ਅਤੇ ਪੁਲੀਸ ਵੈਰੀਫਿਕੇਸ਼ਨ) ਕਾਲਜ ਦਫਤਰ ਵਿੱਚ ਦੇਣੀ ਹੋਵੇਗੀ। ਇਸ ਵਿੱਚ ਕਿਸੇ ਵੀ ਤਰ੍ਹਾਂ ਦੇ ਪਰਿਵਰਤਣ ਸਬੰਧੀ ਲਿਖਤੀ ਸੂਚਨਾਂ ਸਮੇਂ-2 ਸਿਰ ਕਾਲਜ ਦਫਤਰ ਵਿੱਚ ਦੇਣੀ ਲਾਜ਼ਮੀ ਹੋਵੇਗੀ। 18 ਸਾਲ ਤੋਂ ਘੱਟ ਉਮਰ ਦੇ ਬੱਚੇ ਤੋਂ ਲੇਬਰ ਕਰਵਾਉਣ ਦੀ ਮਨਾਹੀ ਹੈ।

21) ਕੰਟੀਨ ਵਿੱਚ ਕੰਮ ਕਰਨ ਵਾਲੇ ਵਿਅਕਤੀ ਸਾਫ—ਸੁਥਰੇ ਅਤੇ ਨਿਰਧਾਰਿਤ ਪੋਸ਼ਾਕ ਵਿੱਚ ਹੋਣਗੇ।

22) ਕੰਟੀਨ ਵਿੱਚ ਆਰ.ਓ ਦੇ ਪਾਣੀ ਦਾ ਇੰਤਜ਼ਾਮ ਸਬੰਧਤ ਠੇਕੇਦਾਰ ਵੱਲੋਂ ਕੀਤਾ ਜਾਵੇਗਾ।

23) ਕੰਟੀਨ ਨਾਲ ਸਬੰਧਤ ਕੂੜਾਂ—ਕਰਕਟ ਦੇ ਪ੍ਰਬੰਧ/ਡਿਸਪੋਜ਼ਲ ਦੀ ਜ਼ਿੰਮੇਵਾਰੀ ਸਬੰਧਤ ਠੇਕੇਦਾਰ ਦੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ 1000/- ਰੁਪਏ ਜੁਰਮਾਨਾ ਕਰਨ ਦਾ ਅਧਿਕਾਰ ਹੋਵੇਗਾ।

24) ਕੰਟੀਨ ਦਾ ਗਿੱਲਾ, ਸੁੱਕਾ ਕੂੜਾਂ ਕੰਟੀਨ ਠੇਕੇਦਾਰ ਆਪਣੇ ਖਰਚੇ ਤੇ ਕਾਲਜ ਵਿੱਚੋਂ ਚੁਕਵਾ ਕੇ ਉਸ ਦਾ ਅਲੱਗ-2 ਨਿਪਟਾਰਾ ਕਰਨ ਲਈ ਜ਼ਿੰਮ੍ਹੇਵਾਰ ਹੋਵੇਗਾ।

25) ਕੰਟੀਨ ਵਿੱਚ ਸਟਾਫ/ਵਿਦਿਆਰਥੀਆਂ ਲਈ ਜੋ ਖਾਣ ਪੀਣ ਦਾ ਸਮਾਨ ਸਪਲਾਈ ਕੀਤਾ ਜਾਣਾ ਹੈ ਉਸ ਸਬੰਧੀ ਜੇਕਰ ਪੰਜਾਬ ਸਰਕਾਰ/ਭਾਰਤ ਸਰਕਾਰ/ਯੂ.ਜੀ.ਸੀ. ਵੱਲੋਂ ਕੋਈ ਹੁਕਮ ਜਾਰੀ ਹੁੰਦਾ ਹੈ ਤਾਂ ਉਹ ਮੰਨਣਯੋਗ ਹੋਵੇਗਾ।

26) ਵਿਦਿਆਰਥੀਆਂ ਤੋਂ ਰੇਟ ਲਿਸਟ ਮੁਤਾਬਿਕ ਚਾਰਜ ਕੀਤਾ ਜਾਵੇ। ਉਲੰਘਣਾ ਕਰਨ ਦੀ ਸੂਰਤ ਵਿੱਚ ਠੇਕਾ ਰੱਦ ਕਰ ਦਿੱਤਾ ਜਾਵੇਗਾ ਅਤੇ ਕਿਸੇ ਵੀ ਕਿਸਮ ਦੀ ਰਾਸ਼ੀ ਵਾਪਸ ਨਹੀਂ ਕੀਤੀ ਜਾਵੇਗੀ।

27) ਜੇਕਰ ਕਿਸੇ ਸਮੇਂ ਸਰਕਾਰ ਵੱਲੋਂ ਕਿਸੇ ਵੀ ਤਰ੍ਹਾਂ ਦਾ ਲੋਕਡਾਉਨ ਕੀਤਾ ਜਾਂਦਾ ਹੈ ਤਾਂ ਉਹ ਮੰਨਣਯੋਗ ਹੋਵੇਗਾ।

28) ਕੰਟੀਨ ਸਬੰਧੀ ਹਰ ਤਰ੍ਹਾਂ ਦੇ ਅਧਿਕਾਰ ਕੰਟੀਨ ਕਮੇਟੀ, ਕਾਲਜ ਪ੍ਰਿੰਸੀਪਲ ਕੋਲ ਹੋਣਗੇ।

29) ਸਰਕਾਰ ਵੱਲੋਂ ਕਿਸ਼ੋਰ ਉਮਰ ਦੇ ਬੱਚਿਆਂ ਲਈ ਮਨਾਹੀ ਵਾਲੇ ਖਾਣ-ਪੀਣ ਵਾਲੇ ਪਦਾਰਥ ਜਿਵੇਂ ਕਿ ਹਰ ਤਰ੍ਹਾਂ ਦੇ ਐਨਰਜੀ ਡਰਿੰਕ ਸਟਿੰਗ, ਰੈਡ ਬੁੱਲ ਆਦਿ ਤੇ ਵੇਚਣ ਦੀ ਸਖ਼ਤ ਮਨਾਹੀ ਹੋਵੇਗੀ।

30) ਪੈਕਟ ਬੰਦ ਪਦਾਰਥ ਕੇਵਲ FFSSAI (Food Safety Standards Authority of India) ਮਾਪਦੰਡ ਅਧਾਰਿਤ ਵਾਲੇ ਹੀ ਵੇਚਣਯੋਗ ਹੋਣਗੇ ਅਤੇ ਐਮਆਰਪੀ ਤੋਂ ਵੱਧ ਨਹੀਂ ਵੇਜੇ ਜਾ ਸਕਦੇ।

31) ਕੇਵਲ ਸ਼ਾਕਾਹਾਰੀ ਪਦਾਰਥ (ਅੰਡੇ ਛੱਡਕੇ) ਹੀ ਵੇਚੇ ਜਾ ਸਕਦੇ ਹਨ।

32) ਚਾਹ ਵਰਤਾਉਣ ਲਈ ਕੇਵਲ ਕੱਚ ਅਤੇ ਚੀਨੀ ਮਿੱਟੀ ਦੇ ਕੱਪ ਹੀ ਵਰਤੇ ਜਾਣ।

33) ਕੰਟੀਨ ਵਿੱਚ ਵੇਰਕਾ ਦੇ ਸਾਰੇ ਉਤਪਾਦਨ ਐਮ ਆਰ ਪੀ ਤੇ ਵੇਚੇ ਜਾ ਸਕਦੇ ਹਨ।

34) ਠੇਕੇਦਾਰ ਕੰਟੀਨ ਬਿਲਡਿੰਗ ਦੇ ਅੰਦਰ ਹੀ ਸਾਰੇ ਉਤਪਾਦਨ ਵੇਚੇਗਾ। ਕਿਸੇ ਪ੍ਰਕਾਰ ਦਾ ਕੋਈ ਵੀ ਕਾਉਂਟਰ ਕੰਟੀਨ ਬਿਲਡਿੰਗ ਦੇ ਬਾਹਰ (ਵਰਾਂਡੇ ਸਮੇਤ) ਨਹੀਂ ਲਗਾਏ ਜਾਣਗੇ।

35) ਠੇਕੇਦਾਰ ਦੁਆਰਾ ਵਸਤੂਆਂ ਦੀ ਲਿਸਟ ਬੋਰਡ ਦੇ ਉੱਪਰ ਪੱਕੇ ਤੌਰ ਤੇ ਲਿਖ ਕੇ ਲਾਉਣ ਦਾ ਪਾਬੰਦ ਹੋਵੇਗਾ।

36) ਕੰਟੀਨ ਵਿਖੇ ਐਲੂਮੀਨੀਅਮ ਦੇ ਬਰਤਨ/ਸਿਹਤ ਨੂੰ ਨੁਕਸਾਨ ਪਹੁਚਾਉਣ ਵਾਲੇ ਬਰਤਨ ਨਹੀਂ ਵਰਤੇ ਜਾ ਸਕਦੇ।

37) ਜੇਕਰ ਭਵਿੱਖ ਵਿੱਚ ਕਿਸੇ ਅਜਿਹੀ ਸਥਿਤੀ ਵਿੱਚ ਕਿਸੇ ਕਾਰਣ ਸਾਮਾਨ ਬਣਾਉਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧਾ ਹੁੰਦਾ ਹੈ ਤਾਂ ਪ੍ਰਿੰਸੀਪਲ ਕੋਲ ਇਹ ਅਧਿਕਾਰ ਹੋਵੇਗਾ ਕਿ ਉਹ ਇਹਨਾਂ ਕੰਟੀਨਾਂ ਵਿੱਚ ਵਿੱਕਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵਿਚੱ ਲੋੜ੍ਹ ਅਨੁਸਾਰ ਵਾਧਾ ਕਰ ਸਕਦੇ ਹਨ।

38) ਠੇਕੇਦਾਰ ਕੰਟੀਨ ਆਪ ਚਲਾਉਣ ਲਈ ਪਾਬੰਦ ਹੋਵੇਗਾ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪ੍ਰਿੰਸੀਪਲ ਕੋਲ ਠੇਕਾ ਰੱਦ ਕਰਨ, ਠੇਕੇ ਦੀ ਰਕਮ ਅਤੇ ਸਕਿਉਰਿਟੀ ਦੀ ਰਕਮ ਜ਼ਬਤ ਕਰਨ ਦਾ ਅਧਿਕਾਰ ਹੋਵੇਗਾ।

ਬੋਲੀਕਾਰ

ਕੰਟੀਨ ਕਮੇਟੀ:1........................2........................3.......................4........................

ਪ੍ਰਿੰਸੀਪਲ

ਬੋਲੀਕਾਰ: ਮੈਂ ਇਹ ਸ਼ਰਤਾਂ ਅਤੇ ਰੇਟ ਲਿਸਟ ਪੜ੍ਹ ਅਤੇ ਸਮਝ ਲਈਆਂ ਹਨ। ਮੈਂ ਇਨ੍ਹਾਂ ਨੂੰ ਮੰਨਣ ਦਾ ਪਾਬੰਦ ਹੋਵਾਂਗਾ।

ਬੋਲੀਕਾਰ

## ਦਫਤਰ: ਪ੍ਰਿੰਸੀਪਲ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ

## ਪ੍ਰੋਫਾਰਮਾ (ਦਰਖਾਸਤ ਬਾਬਤ ਕੰਟੀਨ ਠੇਕੇ ਤੇ ਲੈਣ ਬਾਰੇ)

## ਸੈਸ਼ਨ 2026-27

1) ਪ੍ਰਾਰਥੀ ਦਾ ਨਾਂ :......................................................................
2) ਪਿਤਾ ਦਾ ਨਾਂ :......................................................................
3) ਪੱਕਾ ਪਤਾ :......................................................................
(ਫੋਨ ਨੰਬਰ ਸਮੇਤ) :......................................................................
:......................................................................
4) ਜਨਮ ਮਿਤੀ :......................................................................
5) ਫਰਮ/ਸੰਸਥਾ ਦਾ ਨਾਮ (ਜੇ ਹੋਵੇ) :......................................................................
6) ਆਧਾਰ ਕਾਰਡ ਨੰ. :......................................................................
7) ਪਹਿਲਾਂ ਕੀਤੇ ਕੰਟੀਨ ਦੇ ਕੰਮ :......................................................................
ਦਾ ਵੇਰਵਾ (ਜੇ ਹੋਵੇ) :......................................................................
8) ਪਹਿਲਾਂ ਜਿੱਥੇ ਵੀ ਕੰਟੀਨ ਦਾ ਕੰਮ ਕੀਤਾ :.................................................................
ਹੈ ਜਾਂ ਕਰਦੇ ਹੋ। ਕੀ ਉਸ ਸੰਸਥਾ ਨਾਲ :.................................................................
ਕੋਈ ਝਗੜਾ/ਫੌਜਦਾਰੀ/ਸਿਵਲ ਕੇਸ ਤਾਂ:.................................................................
ਨਹੀਂ ਚਲਦਾ ਜੇ ਹਾਂ ਤਾਂ ਵੇਰਵਾ ਦਿਓ :.................................................................
9) ਕੀ ਤੁਹਾਡਾ ਕਿਸੇ ਅਜਿਹੇ ਵਿਅਕਤੀ :......................................................................
ਜਿਸਦਾ ਕੰਟੀਨ ਦਾ ਠੇਕਾ ਇਸ ਸੰਸਥਾ :......................................................................
ਦੁਆਰਾ ਕੈਂਸਲ ਕੀਤਾ ਗਿਆ ਹੋਵੇ, ਨਾਲ :......................................................................
ਕੋਈ ਰਿਸ਼ਤੇਦਾਰੀ/ਕੋਈ ਹੋਰ ਸਬੰਧ ਤਾਂ :......................................................................
ਨਹੀਂ। ਜੇਕਰ ਹੈ ਤਾਂ ਵੇਰਵਾ ਦਿਓ। :......................................................................
1) ਜਾਣਕਾਰ ਅਤੇ ਜ਼ਿੰਮੇਵਾਰ ਵਿਅਕਤੀਆਂ: 1) ਹਸਤਾਖਰ.................. 2) ਹਸਤਾਖਰ.................
ਦਾ ਹਵਾਲਾ ਜਾ ਨਾਂ, ਹਸਤਾਖਰ ਅਤੇ : 1) ਪੂਰਾ ਪਤਾ.................. 2) ਪੂਰਾ ਪਤਾ.................
ਪੂਰਾ ਪਤਾ (ਨੇੜਲੇ ਰਿਸ਼ਤੇਦਾਰ ਨਹੀਂ : .................................. ..................................
ਹੋਣੇ ਚਾਹੀਦੇ) : 1) ਆਧਾਰ ਨੰਬਰ.............. 2) ਆਧਾਰ ਨੰਬਰ.............

ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼: 1) ਦੋ ਪਾਸਪੋਰਟ ਸਾਈਜ਼ ਫੋਟੋਆਂ 2) ਆਧਾਰ ਕਾਰਡ ਦੀ ਕਾਪੀ, 3) ਤਜ਼ਰਬਾ ਸਰਟੀਫਿਕੇਟ ਦੀ ਕਾਪੀ, 4) ਪੈਨ ਕਾਰਡ ਦੀ ਕਾਪੀ

ਮਿਤੀ:................................. ਬਿਨੇਕਾਰ ਦੇ ਹਸਤਾਖਰ

ਦਫਤਰ ਵਰਤੋਂ ਲਈ:

1) ਪਾਸ ਕੀਤਾ ਜਾਂਦਾ ਹੈ/ਰੱਦ ਕੀਤਾ ਜਾਂਦੀ ਹੈ

:......................................................................

2) ਕਿਸ ਆਧਾਰ ਤੇ ਰੱਦ ਕੀਤਾ ਗਿਆ

:......................................................................

ਕੰਟੀਨ ਕਮੇਟੀ:

1)....................... 2)........................3)............................4).............................

ਪ੍ਰਿੰਸੀਪਲ

# ਦਫਤਰ: ਪ੍ਰਿੰਸੀਪਲ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ।

ਸੈਸ਼ਨ 2026-27 ਲਈ ਕੰਟੀਨ ਰੇਟ ਲਿਸਟ

(ਇਸ ਰੇਟ ਲਿਸਟ ਦਾ ਪ੍ਰਿੰਟ ਆਊਟ (ਫਲੈਕਸ) 3'x 6' ਸਾਈਜ਼ ਦੇ ਬੋਰਡ ਉੱਪਰ ਕੰਟੀਨ ਦੇ ਮੇਨ ਕਾਊਂਟਰ ਅਤੇ ਕੰਟੀਨ ਦੇ ਬਾਹਰ ਠੇਕੇਦਾਰ ਦੁਆਰਾ ਲਗਾਉਣਾ ਲਾਜ਼ਮੀ ਹੈ)

**ਪੀਣ ਵਾਲੇ ਪਦਾਰਥ**

| ਲੜੀ ਨੰ. | ਆਈਟਮ | ਰੇਟ (ਰੁਪਏ) | ਮਾਤਰਾ |
|---|---|---|---|
| 1 | ਚਾਹ | 10/- | ਇੱਕ ਕੱਪ 100 ਐਮ ਐਲ |
| 2 | ਦੁੱਧ ਪੱਤੀ | 17/- | ਇੱਕ ਕੱਪ 100 ਐਮ ਐਲ |
| 3 | ਕੋਲਡ ਡਰਿੰਕ/ਫਰੂਟੀ/ਜੂਸ | ਐਮ.ਆਰ.ਪੀ | |
| 4 | ਕੌਫ਼ੀ | 20/- | ਇੱਕ ਕੱਪ 100 ਐਮ ਐਲ |
| 5 | ਸਿਕੰਜਵੀ/ਲੱਸੀ | 20/- | 300 ਐਮ ਐਲ |
| 6 | ਤਾਜ਼ਾ ਜੂਸ/ਸ਼ੇਕ ਮੌਸਮ ਅਨੁਸਾਰ ਬਨਾਨਾ/ਅੰਬ | 30/-15/- | 300 ਐਮ ਐਲ/150 ਐਮਐਲ |

**ਖਾਣ ਵਾਲੇ ਪਦਾਰਥ**

| ਲੜੀ ਨੰ. | ਆਈਟਮ | ਰੇਟ(ਰੁਪਏ) | ਮਾਤਰਾ |
|---|---|---|---|
| 1 | ਸਮੋਸਾ/ਕਚੋਰੀ | 12/- | ਇੱਕ ਪੀਸ |
| 2 | ਸਮੋਸਾ/ਕਚੋਰੀ (ਸਬਜੀ ਨਾਲ) | 20/- | ਇੱਕ ਪੀਸ |
| 3 | ਬਰੈਡ ਪਕੌੜਾ | 15/- | ਇੱਕ ਪੀਸ |
| 4 | ਰੇਡੀਮੇਡ ਪੈਕਡ ਮੈਟੀਰੀਅਲ ਬਿਸਕੁਟ,ਚਿਪਸ ਆਦਿ | ਐਮ.ਆਰ.ਪੀ | |
| 5 | ਗੁਲਾਬ ਜਾਮਨ/ਰਸਗੁੱਲਾ | 15/- | ਇੱਕ ਪੀਸ |
| 6 | ਪੇਸਟਰੀ/ਪੈਟੀਜ਼ | 15/- | ਇੱਕ ਪੀਸ |
| 7 | ਛੋਲੇ ਭਟੂਰੇ | 30/- | ਇੱਕ ਪਲੇਟ |
| 8 | ਟਿੱਕੀ ਪਲੇਟ (ਚਟਨੀ ਨਾਲ) | 20/- | ਇੱਕ ਪਲੇਟ |
| 9 | ਟਿੱਕੀ ਪਲੇਟ ਛੋਲਿਆਂ ਦੀ ਸਬਜੀ ਨਾਲ | 25/- | ਇੱਕ ਪਲੇਟ |
| 10 | ਸੈਡਵਿਚ | 20/- | ਇੱਕ ਪੀਸ |
| 11 | ਕੁਲਚਾ | 15/- | ਇੱਕ ਪੀਸ |
| 12 | ਸਟੈਂਟਡ ਪਰਾਂਠਾ (ਮੱਖਣ/ਦਹੀ ਸਮੇਤ)(ਆਲੂ ਜਾਂ ਗੋਭੀ) | 20/- | ਇੱਕ ਪਲੇਟ |
| 13 | ਪੂਰੀ ਛੋਲੇ | 30/- | ਇੱਕ ਪਲੇਟ |
| 14 | ਗਰਿਲ ਸੈਂਡਵਿਚ | 25/- | ਇੱਕ ਪੀਸ |
| 15 | ਕਟਲਟ | 25/- | ਇੱਕ ਪਲੇਟ(4 ਪੀਸ) |
| 16 | ਵੈਸ਼ਨੂ ਥਾਲੀ (ਦਾਲ,ਸਬਜੀ,ਦਹੀ,ਰੋਟੀ ਅਤੇ ਚਾਵਲ) | 50/- | ਇੱਕ ਪਲੇਟ |
| 17 | ਵੇਰਕਾ ਦੇ ਉਤਪਾਦਨ | ਐਮ.ਆਰ.ਪੀ | -- |
| 18 | ਦਾਲ (ਮਾਹ) | 40/- | ਇੱਕ ਪਲੇਟ |
| 19 | ਦਾਲ (ਮੂੰਗੀ) | 30/- | ਇੱਕ ਪਲੇਟ |

| | | | |
|---|---|---|---|
| 20 | ਪਨੀਰ ਸ਼ਾਹੀ | 60/- | ਇੱਕ ਪਲੇਟ |
| 21 | ਰੋਟੀ | 5/- | ਪ੍ਰਤੀ ਰੋਟੀ |
| 22 | ਚਾਵਲ | 20/- | ਇੱਕ ਪਲੇਟ |
| 23 | ਸਲਾਦ | 15/- | ਇੱਕ ਪਲੇਟ |
| 24 | ਮਿਕਸ ਵੈਜ | 40/- | ਇੱਕ ਪਲੇਟ |

**ਨੋਟ:**

**(1) ਸਰਕਾਰ ਵੱਲੋਂ ਵਰਜਿਤ ਕੀਤੇ ਐਨਰਜੀ ਡ੍ਰਿੰਕ ਰੱਖਣ ਅਤੇ ਵੇਚਣ ਦੀ ਸਖਤ ਮਨਾਹੀ ਹੋਵੇਗੀ।**

**(2) ਨਿਰਧਾਰਿਤ ਰੇਟਾਂ ਤੋਂ ਵੱਧ ਰਕਮ ਵਸੂਲਨ ਦੀ ਸਖ਼ਤ ਮਨਾਹੀ ਹੋਵੇਗੀ।**

**(3) ਉਪਰੋਕਤ ਦਿੱਤੀਆਂ ਵਸਤੂਆਂ ਤੋਂ ਇਲਾਵਾ ਕਿਸੇ ਹੋਰ ਵਸਤੂ (ਬਿੰਨਾ ਐਮ ਆਰ ਪੀ ਵਾਲੀ) ਕੰਟੀਨ ਵਿਚ ਵੇਚਣੀ ਹੈ ਤਾਂ ਉਸਦੀ ਪ੍ਰਵਾਨਗੀ ਅਤੇ ਰੇਟ ਕੰਟੀਨ ਕਮੇਟੀ ਤੋਂ ਪਾਸ ਕਰਵਾਉਣਾ ਹੋਵੇਗਾ।**

**(4) ਇਹਨਾਂ ਸ਼ਰਤਾਂ ਦੀ ਉਲਘੰਣਾ ਕਰਨ ਦੀ ਸੂਰਤ ਵਿੱਚ ਕਾਲਜ ਪ੍ਰਸ਼ਾਸਨ ਨੂੰ ਠੇਕਾ ਰੱਦ ਕਰਨ ਦਾ ਅਧਿਕਾਰ ਹੋਵੇਗਾ।**

ਕੰਟੀਨ

ਕਮੇਟੀ:1...........................2...............................3........................4......................5...................6....................

.

ਪ੍ਰਿੰਸੀਪਲ